# ਪ੍ਰਦੂਸ਼ਣ ਦੀ ਸਮੱਸਿਆ

ਪ੍ਰਦੂਸ਼ਣ ਤੋਂ ਭਾਵ ਹੈ ਸਾਡਾ ਕੁਦਰਤੀ ਵਾਤਾਵਰਨ ਸਾਡੇ ਰਹਿਣਯੋਗ ਨਾ ਹੋਣਾ। ਮਨੁੱਖ ਦੀ ਆਧੁਨਿਕ ਦੁਨੀਆ ਦੀ ਚਾਹਤ ਅਤੇ ਲਾਪਰਵਾਹੀ ਕਾਰਨ ਪ੍ਰਦੂਸ਼ਣ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਪ੍ਰਦੂਸ਼ਣ ਕਾਰਨ ਸਾਡੇ ਆਲ਼ੇ-ਦੁਆਲ਼ੇ ਅਨੇਕਾਂ ਨਵੀਂਆਂ ਬਿਮਾਰੀਆਂ ਅਤੇ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਚਾਰ ਪ੍ਰਕਾਰ ਦਾ ਪ੍ਰਦੂਸ਼ਣ ਧਰਤੀ 'ਤੇ ਰਹਿਣ ਵਾਲ਼ੇ ਜੀਵਾਂ ਲਈ ਖ਼ਤਰਨਾਕ ਹੈ।



**ਪਾਣੀ ਪ੍ਰਦੂਸ਼ਣ :** ਪਾਣੀ ਜੀਵਨ ਦਾ ਅਧਾਰ ਹੈ। ਪਰ ਅਜੋਕੇ ਮਨੁੱਖ ਵੱਲੋਂ ਕਾਰਖ਼ਾਨਿਆਂ, ਸੀਵਰੇਜ ਦਰਿਆਵਾਂ, ਨਾਲ਼ਿਆਂ ਵਿੱਚ ਸੁੱਟ ਕੇ ਪੀਣਯੋਗ ਪਾਣੀ ਨੂੰ ਦੂਸ਼ਿਤ ਕਰ ਦਿੱਤਾ ਹੈ। ਪੋਲੀਥੀਨ ਦੀ ਵਰਤੋਂ ਨੇ ਵੀ ਪਾਣੀ ਪ੍ਰਦੂਸ਼ਣ ਕਾਰਨ ਪਾਣੀ ਵਿੱਚ ਰਹਿਣ ਵਾਲ਼ੇ ਜੀਵਾਂ ਲਈ ਖ਼ਤਰਾ ਪੈਦਾ ਕਰ ਦਿੱਤਾ ਹੈ।



**ਹਵਾ ਪ੍ਰਦੂਸ਼ਣ :** ਜੀਵਾਂ ਦੇ ਸਾਹ ਲੈਣ ਲਈ ਸ਼ੁੱਧ ਹਵਾ ਸਭ ਤੋਂ ਜ਼ਰੂਰੀ ਹੈ। ਪਰ ਕੋਲੇ, ਭਾਫ਼, ਡੀਜ਼ਲ ਅਤੇ ਪੈਟਰੋਲ ਨਾਲ਼ ਚੱਲਣ ਵਾਲ਼ੇ ਇੰਜਣਾਂ ਨੇ ਪ੍ਰਦੂਸ਼ਣ ਵਿੱਚ ਅਸੀਮ ਵਾਧਾ ਕੀਤਾ ਹੈ।



**ਭੂਮੀ ਪ੍ਰਦੁਸ਼ਣ :** ਖੇਤੀ ਦੀ ਉਪਜ ਨੂੰ ਵਧਾਉਣ ਲਈ ਲੋੜੋਂ ਵੱਧ ਰਸਾਇਣਿਕ ਖਾਦਾਂ ਦੀ ਵਰਤੋਂ ਹੋ ਰਹੀ ਹੈ। ਇਸ ਨਾਲ਼ ਧਰਤੀ ਤੋਂ ਪੈਦਾ ਅੰਨ ਅਤੇ ਸਬਜ਼ੀਆਂ ਆਦਿ ਰਾਹੀਂ ਖਾਦਾਂ ਦਾ ਜ਼ਹਿਰ ਮਨੁੱਖਾਂ ਦੇ ਅੰਦਰ ਜਾ ਰਿਹਾ ਹੈ। ਕਾਰਖ਼ਾਨਿਆਂ ਅਤੇ ਘਰਾਂ ਦਾ ਕੂੜਾ-ਕਰਕਟ ਵੀ ਭੂਮੀ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ।



**ਧੁਨੀ ਪ੍ਰਦੂਸ਼ਣ :** ਆਵਾਜਾਈ ਦੇ ਸਾਧਨ, ਕਾਰਖਾਨੇ, ਜਰਨੇਟਰ, ਲਾਊਡ ਸਪੀਕਰ, ਬੰਬ ਵਿਸਫ਼ੋਟ ਲਗਾਤਾਰ ਧੁਨੀ-ਪ੍ਰਦੂਸ਼ਣ ਵਿੱਚ ਵਾਧਾ ਕਰ ਰਹੇ ਹਨ। ਜਿਸ ਨਾਲ਼ ਮਨੁੱਖ ਦੀ ਸ਼ਾਂਤੀ ਭੰਗ ਹੋ ਰਹੀ ਹੈ।

ਮਨੁੱਖ ਨੇ ਸਵਰਗ ਵਰਗੀ ਧਰਤੀ 'ਤੇ ਜਿਊਂਦੇ ਜੀਅ ਨਰਕ ਪੈਦਾ ਕਰ ਲਿਆ ਹੈ।

**ਸੁਝਾਅ :**



1. ਅਬਾਦੀ 'ਤੇ ਕੰਟਰੋਲ ਕਰਨਾ।
2. ਵੱਧ ਤੋਂ ਵੱਧ ਰੁੱਖ ਲਗਾਉਣੇ।
3. ਪਾਲੀਥੀਨ ਦੀ ਵਰਤੋਂ ਬੰਦ ਕਰਨੀ।
4. ਡੰਗਰਾਂ ਦੇ ਮਲ-ਮੂਤਰ, ਕੂੜਾ-ਕਰਕਟ, ਫ਼ਾਲਤੂ ਉਦਯੋਗਿਕ ਪਦਾਰਥਾਂ ਨੂੰ ਠੀਕ ਤਰ੍ਹਾਂ ਨਾਲ਼ ਸੰਭਾਲ਼ਣਾ।
5. ਜ਼ਹਿਰੀਲੀਆਂ ਗੈਸਾਂ ਪੈਦਾ ਕਰਨ ਵਾਲ਼ੇ ਕਾਰਖ਼ਾਨਿਆਂ ਨੂੰ ਬੰਦ ਕਰਨਾ।
6. ਪ੍ਰਦੂਸ਼ਣ ਸੰਬੰਧੀ ਪਾਸ ਕੀਤੇ ਗਏ ਕਾਨੂੰਨਾਂ ਨੂੰ ਸਖ਼ਤੀ ਨਾਲ਼ ਲਾਗੂ ਕਰਨਾ।

ਪ੍ਰਦੂਸ਼ਣ ਵਰਗੀ ਸਮੱਸਿਆ ਵੱਲ ਸਮੇਂ ਸਿਰ ਉਚੇਚਾ ਧਿਆਨ ਨਾ ਦਿੱਤਾ ਗਿਆ ਤਾਂ ਉਸ ਦੇ ਬਹੁਤ ਹੀ ਭਿਆਨਕ ਸਿੱਟੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ ।